E-Comm 9-1-1

Help us help.

# 9–1–1 ਬਾਰੇ

## 9–1–1 ਨੂੰ ਕਦੋਂ ਫੋਨ ਕਰਨਾ ਹੈ

9–1–1 ਪੁਲੀਸ, ਅੱਗ ਜਾਂ ਮੈਡੀਕਲ ਸੰਕਟਾਂ ਲਈ ਹੈ ਜਦੋਂ ਫੌਰੀ ਕਾਰਵਾਈ ਦੀ ਲੋੜ ਹੁੰਦੀ ਹੈ: ਕੋਈ ਜ਼ਿੰਦਗੀ ਜਾਂ ਜਾਇਦਾਦ ਖਤਰੇ ਵਿਚ ਹੁੰਦੀ ਹੈ ਜਾਂ ਕੋਈ ਜੁਰਮ ਹੋ ਰਿਹਾ ਹੁੰਦਾ ਹੈ।

## ਤੁਹਾਡੇ ਵਲੋਂ 9–1–1 ਡਾਇਲ ਕਰਨ ’ਤੇ ਕੀ ਹੁੰਦਾ ਹੈ

- ਈ–ਕੌਮ 9–1–1 ਦਾ ਫੋਨ ਲੈਣ ਵਾਲਾ ਵਿਅਕਤੀ ਤੁਹਾਨੂੰ ਪੁੱਛੇਗਾ “ਕੀ ਤੁਹਾਨੂੰ ਪੁਲੀਸ, ਫਾਇਰ ਜਾਂ ਐਂਬੂਲੈਂਸ ਦੀ ਲੋੜ ਹੈ?” ਫੋਨ ਲੈਣ ਵਾਲਾ ਵਿਅਕਤੀ ਮਿਊਂਸਪਿਲਟੀ ਬਾਰੇ ਪੱਕਾ ਕਰੇਗਾ ਅਤੇ ਤੁਹਾਡਾ ਫੋਨ ਫੌਰਨ ਉਸ ਏਜੰਸੀ ਕੋਲ ਤਬਦੀਲ ਕਰ ਦੇਵੇਗਾ ਜਿਸ ਦੀ ਤੁਸੀਂ ਮੰਗ ਕੀਤੀ ਹੈ
- ਲਾਈਨ ’ਤੇ ਰਹੋ ਅਤੇ ਹਿਦਾਇਤਾਂ ਦੀ ਪਾਲਣਾ ਕਰੋ
- ਖਾਸ ਤੌਰ ’ਤੇ ਆਪਣੇ ਸਥਾਨ ਅਤੇ ਆਪਣੇ ਸੰਕਟ ਦੀ ਕਿਸਮ ਬਾਰੇ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਰਹੋ। ਧਿਆਨ ਨਾਲ ਸੁਣੋ, ਸਾਫ਼ ਸਾਫ਼ ਬੋਲੋ ਅਤੇ ਸ਼ਾਂਤ ਰਹਿਣ ਦੀ ਕੋਸ਼ਿਸ਼ ਕਰੋ
- ਫੋਨ ਲੈਣ ਵਾਲੇ ਤਰਜੀਹ ਦੇ ਆਧਾਰ ’ਤੇ ਖਾਸ ਸਵਾਲ ਪੁੱਛਣ ਲਈ ਟਰੇਂਡ ਹੁੰਦੇ ਹਨ, ਉਹ ਕੰਪਿਊਟਰ ਰਾਹੀਂ ਡਿਸਪੈਚਰਾਂ ਨੂੰ ਅਤੇ ਤੁਹਾਡੀ ਮਦਦ ਲਈ ਚੱਲ ਪਏ ਐਮਰਜੰਸੀ ਅਮਲੇ ਨੂੰ ਜਾਣਕਾਰੀ ਭੇਜਦੇ ਹਨ
- ਮਦਦ ਪਹਿਲ ਦੇ ਆਧਾਰ ’ਤੇ ਭੇਜੀ ਜਾਂਦੀ ਹੈ ਅਤੇ ਜ਼ਿਆਦਾ ਗੰਭੀਰ ਫੋਨਾਂ ਲਈ ਮਦਦ ਪਹਿਲਾਂ ਭੇਜੀ ਜਾਂਦੀ ਹੈ

**9–1–1 ਨਾਲ ਸੰਬੰਧਿਤ ਹੋਰ ਨੁਸਖਿਆਂ ਲਈ ecomm911.ca ਵੈੱਬਸਾਈਟ ’ਤੇ ਜਾਉ**

## 9–1–1 ਨੂੰ ਫੋਨ ਕਰਨ ਦੀਆਂ ਉਦਾਹਰਣਾਂ

- ਕੋਈ ਅਜਿਹੀ ਘਟਨਾ ਜਿਸ ਵਿਚ ਕਿਸੇ ਵਿਅਕਤੀ ਜਾਂ ਜਾਇਦਾਦ ਨੂੰ ਕੋਈ ਫੌਰੀ ਖਤਰਾ ਹੈ: ਚੀਕਾਂ, ਹਮਲੇ, ਗੋਲੀ ਚੱਲਣਾ, ਅੱਗ, ਕਾਰ ਐਕਸੀਡੈਂਟ ਜਿਸ ਵਿਚ ਸੱਟਾਂ ਲੱਗੀਆਂ ਹਨ ਜਾਂ ਕੋਈ ਵੀ ਹੋਰ ਡਾਕਟਰੀ ਐਮਰਜੰਸੀ
- ਕੋਈ ਵੱਡਾ ਜੁਰਮ ਹੋ ਰਿਹਾ ਹੈ। ਇਸ ਵਿਚ ਲੜਾਈਆਂ, ਭੰਨਤੋੜ ਕਰਕੇ ਅੰਦਰ ਦਾਖਲ ਹੋਣਾ (ਕੀ ਸ਼ੱਕੀ ਵਿਅਕਤੀ ਸਥਾਨ ’ਤੇ ਹੈ) ਜਾਂ ਸ਼ਰਾਬੀ ਜਾਂ ਨਸ਼ਈ ਡਰਾਈਵਰ ਦੀ ਰਿਪੋਰਟ ਕਰਨਾ ਸ਼ਾਮਲ ਹੈ
- ਕੋਈ ਗੰਭੀਰ ਜੁਰਮ ਜਿਹੜਾ ਹੁਣੇ ਹੋਇਆ ਹੈ (ਜਿਵੇਂ ਕਾਮੁਕ ਹਮਲਾ ਜਾਂ ਲੁੱਟਮਾਰ)
- ਕੋਈ ਸ਼ੱਕੀ ਹਾਲਤ ਜੋ ਕਿ ਜੁਰਮ ਦੇ ਕਿਸੇ ਫੌਰੀ ਕੰਮ ਵੱਲ ਇਸ਼ਾਰਾ ਕਰ ਸਕਦੀ ਹੈ (ਜਿਵੇਂ ਲੁੱਟ ਦੀ ਟੋਹ ਵਿਚ ਘੁੰਮ ਰਿਹਾ ਕੋਈ ਵਿਅਕਤੀ, ਲੁਟੇਰਾ)

**ਹੋਰ ਜਾਣਕਾਰੀ ਲਈ ecomm911.ca ਵੈੱਬਸਾਈਟ ’ਤੇ ਜਾਉ**

E-Comm 9-1-1

Help us help.

# ਗੈਰ-ਐਮਰਜੰਸੀ ਬਾਰੇ

## ਪੁਲੀਸ ਨੂੰ ਗੈਰ-ਐਮਰਜੰਸੀ ਵਿਚ ਫੋਨ ਕਦੋਂ ਕਰਨਾ ਹੈ

ਸਾਰੇ ਪੁਲੀਸ ਵਿਭਾਗਾਂ ਦੇ ਗੈਰ-ਐਮਰਜੰਸੀ ਨੰਬਰ ਤੁਹਾਡੀ ਫੋਨਾਂ ਵਾਲੀ ਕਿਤਾਬ ਦੇ ਸ਼ੁਰੂ ਵਿਚ ਜਾਂ ਈ-ਕੌਮ ਦੇ ਵੈੱਬਸਾਈਟ ecomm911.ca ਦੇ ਹੋਮਪੇਜ 'ਤੇ ਲੱਭੇ ਜਾ ਸਕਦੇ ਹਨ। ਆਪਣਾ ਲੋਕਲ ਨੰਬਰ ਲੱਭੋ ਅਤੇ ਇਸ ਨੂੰ ਹੇਠਾਂ ਲਿਖ ਲਵੋ। ਗੈਰ-ਐਮਰਜੰਸੀ ਨੰਬਰਾਂ ਲਈ ਕਿਰਪਾ ਕਰਕੇ 9-1-1 ਨੂੰ ਫੋਨ ਨਾ ਕਰੋ।

ਮੇਰਾ ਲੋਕਲ ਪੁਲੀਸ ਦਾ ਗੈਰ-ਐਮਰਜੰਸੀ ਨੰਬਰ ਹੈ:

ਇਹ ਨੰਬਰ ਉਨ੍ਹਾਂ ਸਾਰੀਆਂ ਗੈਰ-ਐਮਰਜੰਸੀ ਹਾਲਤਾਂ ਲਈ ਹੈ ਜਿੱਥੇ ਫੌਰੀ ਕਾਰਵਾਈ ਜਾਂ ਪੁਲੀਸ ਦੇ ਡਿਸਪੈਚ ਦੀ ਲੋੜ ਨਹੀਂ ਹੁੰਦੀ।

ਕਿਰਪਾ ਕਰਕੇ ਐਮਰਜੰਸੀ ਲਾਈਨਾਂ ਨੂੰ ਅਸਲੀ ਸੰਕਟਾਂ ਲਈ ਖੁਲ੍ਹੀਆਂ ਰੱਖਣ ਵਿਚ ਸਾਡੀ ਮਦਦ ਕਰੋ। ਜੇ ਤੁਹਾਨੂੰ ਪੱਕਾ ਪਤਾ ਨਾ ਹੋਵੇ ਤਾਂ 9-1-1 'ਤੇ ਫੋਨ ਕਰੋ। ਫੋਨ ਲੈਣ ਵਾਲੇ ਤੁਹਾਨੂੰ ਇਹ ਦੱਸਣਗੇ ਕਿ ਕੀ ਤੁਹਾਨੂੰ ਗੈਰ-ਐਮਰਜੰਸੀ ਨੰਬਰ 'ਤੇ ਫੋਨ ਕਰਨ ਦੀ ਲੋੜ ਹੈ।

ਗੈਰ-ਐਮਰਜੰਸੀ ਫੋਨਾਂ ਦੀਆਂ ਉਦਾਹਰਣਾਂ:

- ਕਿਸੇ ਅਜਿਹੇ ਜੁਰਮ ਦੀ ਰਿਪੋਰਟ ਕਰਨਾ ਜਿਸ ਦਾ ਕੋਈ ਸ਼ੱਕੀ ਨਾ ਹੋਵੇ (ਜਿਵੇਂ ਲਾਇਸੰਸ ਪਲੇਟ ਦੀ ਚੋਰੀ)
- ਸ਼ੱਕੀ ਵਿਅਕਤੀ ਬਾਰੇ ਦੱਸਦੇ ਹੋਏ ਕਿਸੇ ਜੁਰਮ ਦੀ ਰਿਪੋਰਟ ਕਰਨਾ, ਪਰ ਸ਼ੱਕੀ ਵਿਅਕਤੀ ਘਟਨਾ ਸਥਾਨ 'ਤੇ ਨਹੀਂ ਹੈ (ਜਿਵੇਂ ਧੋਖੇਬਾਜ਼ੀ)
- ਸ਼ੱਕੀ ਵਿਅਕਤੀ ਬਾਰੇ ਦੱਸਦੇ ਹੋਏ ਕਿਸੇ ਗੰਭੀਰ ਜੁਰਮ ਦੀ ਰਿਪੋਰਟ ਕਰਨਾ, ਪਰ ਲੰਮੀ ਦੇਰੀ ਨਾਲ (ਜਿਵੇਂ ਕਿਸੇ ਹਮਲੇ ਬਾਰੇ ਜੋ ਪਿਛਲੀ ਰਾਤ ਨੂੰ ਕਿਸੇ ਬਾਰ ਵਿਚ ਹੋਇਆ ਸੀ)
- ਗੈਰ-ਐਮਰਜੰਸੀ ਘਟਨਾਵਾਂ ਵਾਪਰ ਰਹੀਆਂ ਹਨ (ਜਿਵੇਂ ਰੌਲੇ ਵਾਲੀ ਪਾਰਟੀ, ਕੁੱਤੇ ਦਾ ਭੌਂਕਣਾ)
- ਜੁਰਮ ਦੇ ਜਾਰੀ ਰਹਿਣ ਵਾਲੇ ਮਸਲੇ ਜਾਂ ਉਹ ਜੁਰਮ ਜਿਹੜੇ ਇਸ ਵੇਲੇ ਨਹੀਂ ਹੋ ਰਹੇ ਹਨ (ਜਿਵੇਂ ਕੰਧਾਂ ਉੱਪਰ ਉਲ-ਜਲੂਲ ਲਿਖਾਈ ਜਾਂ ਨਸ਼ਿਆਂ ਦਾ ਧੰਦਾ ਜਿੱਥੇ ਸ਼ੱਕੀ ਘਟਨਾ ਸਥਾਨ 'ਤੇ ਨਹੀਂ ਹੈ)
- ਕੋਈ ਸ਼ੱਕੀ ਹਾਲਤ ਜਿਹੜੀ ਕਿਸੇ ਜਾਰੀ ਰਹਿਣ ਵਾਲੀ ਮੁਜਰਮਾਨਾ ਸਰਗਰਮੀ ਵੱਲ ਇਸ਼ਾਰਾ ਕਰ ਸਕਦੀ ਹੈ (ਜਿਵੇਂ ਭੰਗ ਉਗਾਉਣ ਦੀ ਕਾਰਵਾਈ)

**ਗੈਰ-ਐਮਰਜੰਸੀ ਰਿਪੋਰਟਿੰਗ ਲਾਈਨ ਦੀ ਵਰਤੋਂ, 9-1-1 ਲਾਈਨਾਂ ਉਨ੍ਹਾਂ ਲੋਕਾਂ ਲਈ ਖੁਲ੍ਹੀਆਂ ਰੱਖਣ ਵਿਚ ਮਦਦ ਕਰਦੀ ਹੈ ਜਿਹੜੇ ਕਿਸੇ ਸੰਕਟ ਵਾਲੀ ਹਾਲਤ ਵਿਚ ਰਿਪੋਰਟ ਕਰ ਰਹੇ ਹੁੰਦੇ ਹਨ।**

ਇਹ ਲਿਖਤ, ਸਬਜ਼ੀਆਂ ਤੋਂ ਬਣੀਆਂ ਸਿਆਹੀਆਂ ਨਾਲ, ਖਪਤ ਦੀ ਰਹਿੰਦ-ਖੂੰਹਦ ਤੋਂ ਰੀਸਾਇਕਲ ਕੀਤੇ ਗਏ ਪੇਪਰ ਦੀ 50 ਪ੍ਰਤੀਸ਼ਤ ਨਾਲ, ਐਸਿਡ-/ਕਲੋਰੀਨ-ਮੁਕਤ ਅਤੇ ਫੌਰੈਸਟ ਸਟੂਆਰਡਸ਼ਿਪ ਕੌਂਸਲ ਵਲੋਂ ਮਨਜ਼ੂਰਸ਼ੁਦਾ ਪੇਪਰ 'ਤੇ ਛਾਪੀ ਗਈ ਸੀ।

EC011 May09 [Punjabi]